# Visit of External Affairs Minister to Republic of Seychelles (November 27-28, 2020)

November 28, 2020

……………………………………………………………………………………………………

# ਵਿਦੇਸ਼ ਮੰਤਰੀ ਦੀ ਸੇਸ਼ਲੇਜ਼ ਗਣਰਾਜ ਦੀ ਫੇਰੀ (27-28 ਨਵੰਬਰ, 2020)

28 ਨਵੰਬਰ, 2020

ਭਾਰਤੀ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦੀ ਦੋ ਦਿਨ ਦੀ ਸੇਸ਼ੇਲਸ ਗਣਰਾਜ ਦੀ ਸਰਕਾਰੀ ਫੇਰੀ ਅੱਜ ਖਤਮ ਹੋ ਗਈ। ਉਨ੍ਹਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਿਜੀ ਸੁਨੇਹਾ ਆਪਣੇ ਨਾਲ ਲੈ ਕੇ ਜਾਣਾ ਭਾਰਤ ਵੱਲੋਂ ਸੇਸ਼ੇਲਜ਼ ਨਾਲ ਆਪਣੇ ਸਬੰਧਾਂ ਨੂੰ ਦਿੱਤੇ ਜਾਂਦੇ ਮਹੱਤਵ ਦਾ ਪ੍ਰਤੀਕ ਸੀ। ਆਪਣੀ ਇਸ ਫੇਰੀ ਦੌਰਾਨ ਉਨ੍ਹਾਂ ਨੇ ਮਹਾਮਹਿਮ ਰਾਸ਼ਟਰਪਤੀ ਵੇਵਲ ਰਾਮਕਲਾਵਾਨ ਨਾਲ 27 ਨਵੰਬਰ, 2020 ਨੂੰ ਸਟੇਟ ਹਾਊਸ ਵਿਖੇ ਮੁਲਾਕਾਤ ਕੀਤੀ। ਵਿਦੇਸ਼ ਮੰਤਰੀ ਨੇ ਆਪਣੇ ਹਮਰੁਤਬਾ ਸੇਸ਼ੇਲਜ਼ ਦੇ ਵਿਦੇਸ਼ ਅਤੇ ਸੈਰ-ਸਪਾਟਾ ਮੰਤਰੀ ਮਹਾਮਹਿਮ ਸ੍ਰੀ ਸਿਲਵੇਸਟਰ ਰਾਦਜੋਂਦੇ ਨਾਲ ਵੀ ਗੱਲਬਾਤ ਕੀਤੀ।

ਰਾਸ਼ਟਰਪਤੀ ਨਾਲ ਆਪਣੀ ਮੁਲਾਕਾਤ ਦੌਰਾਨ ਵਿਦੇਸ਼ ਮੰਤਰੀ ਨੇ ਭਾਰਤੀ ਸਰਕਾਰ ਅਤੇ ਲੋਕਾਂ ਦੀ ਤਰਫੋਂ ਰਾਸ਼ਟਰਪਤੀ ਰਾਮਕਲਾਵਾਨ ਨੂੰ ਉਨ੍ਹਾਂ ਦੀ ਹਾਲੀਆ ਚੋਣ ਜਿੱਤ ਉੱਤੇ ਵਧਾਈ ਦਿੱਤੀ। ਉਨ੍ਹਾਂ ਨੇ ਜਨਵਰੀ, 2018 ਵਿਚ ਹੋਈ ਆਪਣੀ ਭਾਰਤ ਫੇਰੀ ਨੂੰ ਯਾਦ ਕੀਤਾ ਅਤੇ ਭਰੋਸਾ ਜ਼ਾਹਰ ਕੀਤਾ ਕਿ ਉਨ੍ਹਾਂ ਦੀ ਅਗਵਾਈ ਹੇਠ ਦੋਨਾਂ ਮੁਲਕਾਂ ਵਿਚਾਲੇ ਨੇੜਲੇ ਸੰਬੰਧ ਹੋਰ ਵੀ ਵਿਕਸਤ ਹੋਣਗੇ। ਉਨ੍ਹਾਂ ਨੇ ਭਾਰਤੀ ਲੀਡਰਸ਼ਿਪ ਵੱਲੋਂ ਰਾਸ਼ਟਰਪਤੀ ਰਾਮਕਲਾਵਾਨ ਨੂੰ 2021 ਵਿੱਚ ਭਾਰਤ ਆਉਣ ਦਾ ਸੱਦਾ ਦਿੱਤਾ।

ਇਸ ਮੁਲਾਕਾਤ ਦੌਰਾਨ ਵਿਦੇਸ਼ ਮੰਤਰੀ ਅਤੇ ਰਾਸ਼ਟਰਪਤੀ ਨੇ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਕਾਨੂੰਨ ਦੇ ਰਾਜ ਵਿੱਚ ਸਾਂਝੇ ਯਕੀਨ ਨਾਲ ਮਜ਼ਬੂਤ ਹੋਏ ਗੁਆਂਢੀਆਂ ਵਾਲੇ ਇਤਿਹਾਸਿਕ ਸਬੰਧਾਂ ਬਾਰੇ ਗੱਲਬਾਤ ਕੀਤੀ। ਵਿਦੇਸ਼ ਮੰਤਰੀ ਨੇ COVID ਤੋਂ ਬਾਅਦ ਦੇ ਸਮੇਂ ਵਿੱਚ ਭਾਰਤ-ਸੇਸ਼ੇਲਜ਼ ਰਣਨੀਤਕ ਭਾਈਵਾਲੀ ਨੂੰ ਹੋਰ ਅੱਗੇ ਵਧਾਉਣ ਪ੍ਰਤੀ ਭਾਰਤ ਦਾ ਸੰਕਲਪ ਦੁਹਰਾਇਆ। ਉਨ੍ਹਾਂ ਨੇ ਭਾਰਤ ਦੇ SAGAR (ਖੇਤਰ ਵਿੱਚ ਸਾਰਿਆਂ ਲਈ ਸੁਰੱਖਿਆ ਅਤੇ ਵਿਕਾਸ) ਫਲਸਫੇ ਅੰਦਰ ਸੇਸ਼ੇਲਜ਼ ਦੇ ਕੇਂਦਰੀ ਰੋਲ ਦੀ ਗੱਲ ਕੀਤੀ, ਜੋ ਹਿੰਦ ਮਹਾਂਸਾਗਰ ਖੇਤਰ ਪ੍ਰਤੀ ਭਾਰਤ ਦੀ ਨੀਤੀ ਦਾ ਖਾਸ ਪਹਿਲੂ ਹੈ। ਸਮੁੰਦਰੋਂ ਪਾਰ ਗੁਆਂਢੀ ਹੋਣ ਦੇ ਨਾਤੇ ਸੇਸ਼ੇਲਸ 'ਗੁਆਂਢੀ ਪਹਿਲਾਂ' ਨੀਤੀ ਦਾ ਹਿੱਸਾ ਵੀ ਹੈ।

ਰਾਸ਼ਟਰਪਤੀ ਰਾਮਕਲਵਾਨ ਨੇ ਮਹਾਂਮਾਰੀ ਦੌਰਾਨ ਮੈਡੀਕਲ ਸਪਲਾਈ ਅਤੇ ਅਤੀ ਜ਼ਰੂਰੀ ਦਵਾਈਆਂ ਦੇ ਰੂਪ ਵਿੱਚ ਭਾਰਤ ਵੱਲੋਂ ਮੁਹੱਈਆ ਕਰਵਾਈ ਗਈ ਮਦਦ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚਾਲੇ ਵਿਕਾਸ ਅਤੇ ਸੁਰੱਖਿਆ ਭਾਈਵਾਲੀ ਦੀ ਤਾਰੀਫ ਕੀਤੀ ਅਤੇ ਸੇਸ਼ੇਲਜ਼ ਅੰਦਰ ਰਾਸ਼ਟਰ ਨਿਰਮਾਣ ਉੱਤੇ ਪੈਣ ਵਾਲੇ ਇਸਦੇ ਸਕਾਰਾਤਮਕ ਅਸਰਾਂ ਦੀ ਗੱਲ ਕੀਤੀ। ਇਸਦੇ ਪ੍ਰਤੀਕਰਮ ਵਜੋਂ ਵਿਦੇਸ਼ ਮੰਤਰੀ ਨੇ ਸੇਸ਼ੇਲਜ਼ ਦੇ ਹਿਤਾਂ ਅਤੇ ਇਸ ਦੀਆਂ ਇੱਛਾਵਾਂ ਦੀ ਹਮਾਇਤ ਕਰਨ ਅਤੇ ਇਸ ਸਹਿਯੋਗ ਨੂੰ ਉੱਚੇ ਪੱਧਰ 'ਤੇ ਲਿਜਾਣ ਪ੍ਰਤੀ ਭਾਰਤ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।

ਇਸ ਮੌਕੇ ਹੋਈ ਗੱਲਬਾਤ ਵਿੱਚ ਦੁਵੱਲੇ ਜੁੜਾਅ ਨੂੰ ਹੋਰ ਵਿਸਥਾਰ ਦੇਣ ਅਤੇ ਡੂੰਘਾ ਕਰਨ ਅਤੇ COVID -19 ਮਹਾਂਮਾਰੀ ਤੋਂ ਪੈਦਾ ਹੋਈਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਤਾਲਮੇਲ ਅਤੇ ਸਹਿਯੋਗ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਨੇ ਸਮੁੰਦਰੀ ਮਾਹੌਲ ਦੀ ਰੱਖਿਆ ਕਰਨ ਦੇ ਨਾਲ ਨਾਲ ਨਸ਼ਿਆਂ ਦੀ ਤਸਕਰੀ, IUU ਮੱਛੀ ਪਾਲਣ, ਸਮੁੰਦਰੀ ਡਕੈਤੀ ਅਤੇ ਮੌਸਮੀ ਬਦਲਾਅ ਦਾ ਮੁਕਾਬਲਾ ਕਰਨ ਲਈ ਸਾਂਝੇ ਯਤਨਾਂ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵੱਖ ਵੱਖ ਖੇਤਰੀ ਮੁੱਦਿਆਂ ਬਾਰੇ ਵੀ ਗੱਲ ਕੀਤੀ, ਜੋ ਉਨ੍ਹਾਂ ਦੇ ਹਿੱਤਾਂ ਨੂੰ ਪ੍ਰਭਾਵਤ ਕਰਦੇ ਹਨ।

ਵਿਦੇਸ਼ ਮੰਤਰੀ ਨੇ ਸੇਸ਼ੇਲਜ਼ ਦੇ ਵਿਦੇਸ਼ ਮੰਤਰੀ ਨਾਲ ਮੰਤਰੀ ਪੱਧਰ ਦੀ ਗੱਲਬਾਤ ਵੀ ਕੀਤੀ। ਦੋਨਾਂ ਮੰਤਰੀਆਂ ਨੇ ਵਿਕਾਸ ਭਾਈਵਾਲੀ, ਸਮਰੱਥਾ ਵਧਾਉਣ, ਰੱਖਿਆ ਸਹਿਯੋਗ, ਲੋਕਾਂ ਦੇ ਪੱਧਰ 'ਤੇ ਅਤੇ ਸੱਭਿਆਚਾਰਕ ਸਬੰਧਾਂ, ਵਪਾਰ, ਸੈਰ-ਸਪਾਟਾ, ਵਪਾਰ ਅਤੇ ਸਿਹਤ ਸੰਭਾਲ  ਸਮੇਤ ਦੁਵੱਲੇ ਸਬੰਧਾਂ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਚਾਰ-ਵਟਾਂਦਰਾ ਕੀਤਾ।

ਵਿਕਟੋਰੀਆ
28 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.